# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| **ਟੈਲੀਫੋਨ** | **ਫੈਕਸ** | **ਈ-ਮੇਲ** |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)
ਪੰਜਾਬ।

ਮੀਮੋ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**38840-879**
ਮਿੱਤੀ ਚੰਡੀਗੜ੍ਹ: **26-05-10**

**ਵਿਸ਼ਾ:- ਸਾਲ 2009-10 ਦੌਰਾਨ ਏ.ਆਈ.ਈ ਕੇਂਦਰਾਂ ਵਿੱਚ ਪੜ੍ਹਾਏ ਬੱਚਿਆਂ ਨੂੰ ਨੇੜੇ ਦੇ ਫਾਰਮਲ ਸਕੂਲ ਸਿਸਟਮ ਵਿਚ ਦਾਖਲ/ਮੇਨਸਟਰੀਮ ਕਰਵਾਉਣ ਲਈ ਦਿਸ਼ਾ ਨਿਰਦੇਸ਼।**

**ਹਵਾਲਾ:-** ਇਸ ਦਫ਼ਤਰ ਵਲੋਂ ਜਾਰੀ ਪੂਰਵ ਪੱਤਰ ਨੰ: SSA/EGS/AIE/2009-10/23728-23768 ਮਿਤੀ 3/02/2010 ਦੀ ਲਗਾਤਾਰਤਾ ਵਿਚ।

**1.0** ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਵਲੋਂ ਸਮੇਂ-ਸਮੇਂ ਤੇ ਪੂਰਵ ਜਾਰੀ ਕੀਤੇ ਪੱਤਰਾਂ ਅਤੇ ਮਹੀਨਾਵਾਰ ਰੀਵਿਉ ਮੀਟਿੰਗਾਂ ਦੋਰਾਨ ਹੋਏ ਫੈਸਲਿਆਂ ਦੀ ਲਗਾਤਾਰਤਾ ਵਿਚ।

**2.0** ਜਿਵੇ ਕਿ ਆਪ ਨੂੰ ਪਤਾ ਹੀ ਹੈ ਕਿ ਰਾਜ ਦੇ ਸਮੂਹ ਏ.ਆਈ.ਈ ਕੇਂਦਰਾਂ ਨੂੰ ਮਿਤੀ 31-03-10 ਨੂੰ ਬੰਦ ਕਰ ਦਿੱਤੇ ਗਏ ਹਨ ਅਤੇ ਇਹਨਾਂ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਨੇੜੇ ਲਗਦੇ ਸਰਕਾਰੀ ਸਕੂਲਾਂ ਵਿਚ ਮੇਨਸਟਰੀਮ ਕਰਵਾਇਆ ਜਾਣਾ ਹੈ।

**3.0** ਮੇਨਸਟਰੀਮ ਕਰਵਾਏ ਜਾਣ ਵਾਲੇ ਬੱਚਿਆਂ ਤੋਂ ਕੋਈ ਵੀ ਫੀਸ ਜਾ ਫੰਡ ਦੀ ਮੰਗ ਨਾ ਕੀਤੀ ਜਾਵੇ।

**4.0** ਇਹਨਾਂ ਬੱਚਿਆਂ ਦੀ ਉਮਰ ਸਬੰਧੀ ਕਿਸੇ ਵੀ ਮਾਤਾ-ਪਿਤਾ ਨੂੰ ਬੱਚੇ ਦਾ ਜਨਮ ਮਿਤੀ ਸਬੰਧੀ ਸਰਟੀਫੀਕੇਟ/ਹਲਫੀਆ ਬਿਆਨ ਦੇਣ ਲਈ ਮਜਬੂਰ ਨਾ ਕੀਤਾ ਜਾਵੇ। ਜੇਕਰ ਉਹ ਸਾਧਾਰਨ ਕਾਗਜ ਤੇ ਵੀ ਲਿਖ ਕੇ ਦੇ ਦੇਣ ਤਾਂ ਉਸ ਅਨੁਸਾਰ ਜਨਮ ਮਿਤੀ ਮੰਨ ਲਈ ਜਾਵੇ।

**5.0** ਏ.ਆਈ.ਈ ਵਲੰਟੀਅਰਾਂ ਦਾ 25% ਮਿਹਨਤਾਨਾ ਜੋ ਕਿ ਵਿਭਾਗ ਵਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ ਅਨੁਸਾਰ ਸਮੂਹ ਜ਼ਿਲਿਆ ਵਲੋਂ ਰੱਖਿਆ ਗਿਆ ਹੈ, ਉਸ ਰਾਸ਼ੀ ਨੂੰ ਵਲੰਟੀਅਰ ਵਲੋਂ ਪੜਾਏ ਸਮੂਹ ਬੱਚਿਆਂ ਨੂੰ ਫਾਰਮਲ ਸਕੂਲ ਵਿਚ ਮੇਨਸਟਰੀਮ ਕਰਵਾਉਣ ਉਪਰੰਤ ਅਤੇ ਸਬੰਧਤ ਬੀ.ਆਰ.ਪੀਜ਼ ਵਲੋਂ ਉਹਨਾ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਣ ਉਪਰੰਤ ਹੀ ਜਾਰੀ ਕੀਤਾ ਜਾਵੇ।

**6.0** ਸਮੂਹ ਏ.ਆਈ.ਈ ਕੇਂਦਰਾਂ ਦਾ ਰਿਕਾਰਡ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਤੇ ਇਕੱਠਾ ਕਰ ਲਿਆ ਜਾਵੇ ਤਾਂ ਕਿ ਲੋੜ ਪੈਣ ਸਮੇਂ ਇਸ ਰਿਕਾਰਡ ਦੀ ਯੋਗ ਵਰਤੋਂ ਕੀਤੀ ਜਾ ਸਕੇ।

**7.0** ਆਪ ਨੂੰ ਇਹ ਵੀ ਪਤਾ ਹੀ ਹੈ ਕਿ 2009-10 ਦੇ 6 ਤੋਂ 7 ਸਾਲ ਦੀ ਉਮਰ ਗੁੱਟ ਦੇ ਬੱਚੇ ਸਿਧੇ ਸਰਕਾਰੀ ਸਕੂਲਾਂ ਵਿਚ ਦਾਖਲ ਕੀਤੇ ਗਏ ਹਨ ਅਤੇ 7 ਤੋਂ 14 ਸਾਲ ਦੀ ਉਮਰ ਗੁੱਟ ਦੇ ਬੱਚਿਆਂ ਨੂੰ ਫਾਰਮਲ ਸਕੂਲ ਸਿਸਟਮ ਵਿਚ ਦਾਖਲ ਕਰਵਾਉਣਾ ਹੈ। ਇਸ ਅਨੁਸਾਰ ਇਹਨਾ ਬੱਚਿਆਂ ਦਾ ਮੁਕੰਮਲ ਰਿਕਾਰਡ, ਪੂਰੇ ਵੇਰਵੇ ਸਮੇਤ ਅਤੇ ਪਹਿਲਾਂ ਜਾਰੀ ਕੀਤੇ ਗਏ ਪ੍ਰੋਫਾਰਮੇ ਅਨੁਸਾਰ ਸਾਫਟ ਅਤੇ ਹਾਰਡ ਕਾਪੀ ਦੇ ਰੂਪ ਵਿਚ ਮੁੱਖ ਦਫ਼ਤਰ ਨੂੰ ਉਪਲੱਬਧ ਕਰਵਾਇਆ ਜਾਵੇ।

**8.0** ਇਹ ਵੀ ਧਿਆਨ ਰੱਖਿਆ ਜਾਵੇ ਕਿ ਇਹਨਾਂ ਬਚਿਆਂ ਦਾ ਡਾਟਾ ਚਾਇਲਡ ਟਰੈਕਿੰਗ ਸਿਸਟਮ (CTC) ਵਿਚ (ਸਮੇਤ ਫੋਟੋਗ੍ਰਾਫ) ਵੀ ਅਪਡੇਟ ਕਰ ਲਿਆ ਜਾਵੇ।

**9.0** ਸੈਸ਼ਨ ਦੋਰਾਨ ਮਾਈਗ੍ਰੇਟ ਹੋ ਕੇ ਦੂਜੇ ਰਾਜਾਂ ਵਿਚ ਜੋ ਬੱਚੇ ਜਾ ਚੁੱਕੇ ਹਨ ਉਹਨਾਂ ਦਾ ਮਾਈਗ੍ਰੇਸ਼ਨ ਸਬੰਧੀ ਸਮੂਹ ਰਿਕਾਰਡ/ਲਿਸਟਾ ਵੀ ਇਸ ਦਫ਼ਤਰ ਨੂੰ ਉਪਲੱਬਧ ਕਰਵਾਈਆਂ ਜਾਣ ਤਾਂ ਕੇ ਮਾਈਗ੍ਰੇਟ ਹੋ ਕੇ ਗਏ ਸਮੂਹ ਬੱਚਿਆਂ ਬਾਰੇ ਸਬੰਧਤ ਰਾਜ ਸਰਕਾਰਾਂ ਨੂੰ ਸੂਚਿਤ ਕੀਤਾ ਜਾ ਸਕੇ।

**10.0** ਇਹ ਵੀ ਗੱਲ ਸਾਹਮਣੇ ਆਈ ਹੈ ਕਿ ਸਬੰਧਤ ਸਕੂਲ ਦੇ ਅਧਿਆਪਕਾਂ ਵਲੋਂ ਇਹਨਾ ਬੱਚਿਆਂ ਵਲ ਕੋਈ ਖਾਸ ਧਿਆਨ ਨਹੀ ਦਿੱਤਾ ਜਾਂਦਾ ਹੈ।

**11.0** ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**

ਪਿੱਠ ਅੰਕਣ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**38880-38881** ਮਿਤੀ: **26-05-10**

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਅਤੇ ਸਕੂਲ ਹੈਡ ਟੀਚਰਜ਼ ਨੂੰ ਈ-ਮੇਲ ਰਾਹੀਂ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**